ਧਾਰਮਿਕ, ਵਿਦਿਆਕ ਅਤੇ ਸਮਾਜਿਕ ਕ੍ਰਾਂਤੀ ਦੇ ਪੁੰਜ

ਵਿੱਦਿਆ ਦਾ ਸੂਰਜ ਸੰਤ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲੇ

ਵਿੰਕਲਜੀਤ ਸਿੰਘ ਸਰਾ
9501477889

ਇੱਕ ਰੂਹਾਨੀ ਸੂਰਜ ਦਾ ਉਦੈ : ਪੰਜਾਬ ਦੀ ਪਵਿੱਤਰ ਧਰਤੀ ਰਿਸ਼ੀਆਂ-ਮੁਨੀਆਂ, ਗੁਰੂਆਂ, ਪੀਰਾਂ ਅਤੇ ਅਨੇਕਾਂ ਅਜਿਹੇ ਮਹਾਪੁਰਖਾਂ ਦੀ ਕਰਮ-ਭੂਮੀ ਰਹੀ ਹੈ, ਜਿਨ੍ਹਾਂ ਨੇ ਮਨੁੱਖਤਾ ਨੂੰ ਹਨੇਰੇ ਵਿੱਚੋਂ ਕੱਢ ਕੇ ਪ੍ਰਕਾਸ਼ ਵੱਲ ਲਿਜਾਣ ਲਈ ਆਪਣਾ ਜੀਵਨ ਅਰਪਣ ਕਰ ਦਿੱਤਾ। 19ਵੀਂ ਸਦੀ ਦੇ ਅਖੀਰ ਅਤੇ 20ਵੀਂ ਸਦੀ ਦੇ ਸ਼ੁਰੂ ਵਿੱਚ ਜਦੋਂ ਪੰਜਾਬ ਦਾ ਸਮਾਜਿਕ ਅਤੇ ਧਾਰਮਿਕ ਢਾਂਚਾ ਅੰਧ-ਵਿਸ਼ਵਾਸਾਂ, ਅਨਪੜ੍ਹਤਾ ਅਤੇ ਗੁਲਾਮੀ ਦੀਆਂ ਜੰਜ਼ੀਰਾਂ ਵਿੱਚ ਜਕੜਿਆ ਹੋਇਆ ਸੀ, ਉਸ ਸਮੇਂ ਸੰਤ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲਿਆਂ ਦਾ ਆਗਮਨ ਇੱਕ ਅਜਿਹੇ ਰੂਹਾਨੀ ਸੂਰਜ ਵਾਂਗ ਹੋਇਆ, ਜਿਸ ਨੇ ਨਾ ਕੇਵਲ ਸਿੱਖੀ ਦੀ ਪੁਨਰ-ਸੁਰਜੀਤੀ ਕੀਤੀ ਸਗੋਂ ਵਿਦਿਆ ਅਤੇ ਸਮਾਜਿਕ ਸੁਧਾਰਾਂ ਦੇ ਖੇਤਰ ਵਿੱਚ ਇੱਕ ਨਵਾਂ ਇਤਿਹਾਸ ਸਿਰਜ ਦਿੱਤਾ।

ਸੰਤ ਅਤਰ ਸਿੰਘ ਜੀ ਇੱਕ ਅਜਿਹੀ ਬਹੁ-ਪੱਖੀ ਸ਼ਖਸੀਅਤ ਦੇ ਮਾਲਕ ਸਨ ਜਿਨ੍ਹਾਂ ਨੂੰ 'ਵਿਦਿਆ ਮਾਰਤੰਡ' (ਵਿਦਿਆ ਦਾ ਸੂਰਜ) ਦੇ ਖ਼ਿਤਾਬ ਨਾਲ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਦਾ ਜੀਵਨ ਕੇਵਲ ਮਾਲਾ ਫੇਰਨ ਤੱਕ ਸੀਮਤ ਨਹੀਂ ਸੀ ਸਗੋਂ ਉਨ੍ਹਾਂ ਨੇ ਧਰਮ ਨੂੰ ਸਮਾਜਿਕ ਜ਼ਿੰਮੇਵਾਰੀ ਅਤੇ ਗਿਆਨ ਨਾਲ ਜੋੜ ਕੇ ਪੂਰੀ ਦੁਨੀਆ ਨੂੰ ਇੱਕ ਨਵੀਂ ਰਾਹ ਦਿਖਾਈ।

ਮੁੱਢਲਾ ਜੀਵਨ ਅਤੇ ਰੂਹਾਨੀ ਸਫ਼ਰ : ਸੰਤ ਅਤਰ ਸਿੰਘ ਜੀ ਦਾ ਜਨਮ 28 ਮਾਰਚ 1866 ਨੂੰ ਪੰਜਾਬ ਦੇ ਮਾਲਵਾ ਖੇਤਰ ਦੇ ਪਿੰਡ ਚੀਮਾ (ਜ਼ਿਲ੍ਹਾ ਸੰਗਰੂਰ) ਵਿਖੇ ਇੱਕ ਸਧਾਰਨ ਖੇਤੀਬਾੜੀ ਵਾਲੇ ਪਰਿਵਾਰ ਵਿੱਚ ਹੋਇਆ। ਉਨ੍ਹਾਂ ਦੇ ਪਿਤਾ ਭਾਈ ਕਰਤਾਰ ਸਿੰਘ ਅਤੇ ਮਾਤਾ ਮਾਈ ਇਸ਼ਰੀ ਜੀ ਬਹੁਤ ਹੀ ਨੇਕ ਅਤੇ ਧਾਰਮਿਕ ਖ਼ਿਆਲਾਂ ਵਾਲੇ ਸਨ। ਬਚਪਨ ਤੋਂ ਹੀ ਸੰਤ ਅਤਰ ਸਿੰਘ ਜੀ ਦੇ ਚਿਹਰੇ 'ਤੇ ਇੱਕ ਅਜੀਬ ਨੂਰ ਅਤੇ ਸ਼ਾਂਤੀ ਸੀ। ਉਨ੍ਹਾਂ ਦਾ ਮਨ ਦੁਨਿਆਵੀ ਖੇਡਾਂ ਦੀ ਬਜਾਏ ਕੁਦਰਤ ਅਤੇ ਨਾਮ ਸਿਮਰਨ ਵਿੱਚ ਵਧੇਰੇ ਰਮਿਆ ਰਹਿੰਦਾ ਸੀ।

ਉਨ੍ਹਾਂ ਦੀ ਸ਼ਖਸੀਅਤ ਵਿੱਚ ਦ੍ਰਿੜਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਫੌਜ ਵਿੱਚ ਭਰਤੀ ਹੋਣ ਦੇ ਬਾਵਜੂਦ ਵੀ ਉਨ੍ਹਾਂ ਦਾ ਨਾਤਾ ਅਕਾਲ ਪੁਰਖ ਨਾਲੋਂ ਕਦੇ ਨਹੀਂ ਟੁੱਟਿਆ। ਅੰਤ ਵਿੱਚ ਉਨ੍ਹਾਂ ਨੇ ਫੌਜ ਦੀ ਨੌਕਰੀ ਤਿਆਗ ਕੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਨਾਮ-ਬਾਣੀ ਦੇ ਪ੍ਰਚਾਰ ਅਤੇ ਲੋਕ-ਸੇਵਾ ਲਈ ਸਮਰਪਿਤ ਕਰ ਦਿੱਤਾ। ਉਨ੍ਹਾਂ ਨੇ ਹਜ਼ੂਰ ਸਾਹਿਬ ਨਾਂਦੇੜ ਅਤੇ ਰਿਸ਼ੀਕੇਸ਼ ਵਰਗੇ ਸਥਾਨਾਂ 'ਤੇ ਲੰਮੀ ਤਪੱਸਿਆ ਕੀਤੀ, ਜਿੱਥੋਂ ਉਨ੍ਹਾਂ ਨੇ ਉਹ ਆਤਮਿਕ ਸ਼ਕਤੀ ਪ੍ਰਾਪਤ ਕੀਤੀ, ਜਿਸ ਨੇ ਅੱਗੇ ਚੱਲ ਕੇ ਲੱਖਾਂ ਲੋਕਾਂ ਦੀਆਂ ਜ਼ਿੰਦਗੀਆਂ ਬਦਲ ਦਿੱਤੀਆਂ।

ਧਾਰਮਿਕ ਪੁਨਰ-ਸੁਰਜੀਤੀ ਅਤੇ ਸਿੱਖੀ ਦਾ ਪ੍ਰਚਾਰ : ਸੰਤ ਅਤਰ ਸਿੰਘ ਜੀ ਦੇ ਸਮੇਂ ਸਿੱਖ ਪੰਥ ਵਿੱਚ ਕਈ ਤਰ੍ਹਾਂ ਦੀਆਂ ਕੁਰੀਤੀਆਂ ਅਤੇ ਕਰਮ-ਕਾਂਡ ਪ੍ਰਵੇਸ਼ ਕਰ ਚੁੱਕੇ ਸਨ। ਉਨ੍ਹਾਂ ਨੇ ਗੁਰਮਤਿ ਦੇ ਅਸਲ ਸਿਧਾਂਤਾਂ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਬੀੜਾ ਚੁੱਕਿਆ। ਉਨ੍ਹਾਂ ਦੇ ਪ੍ਰਚਾਰ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਸੀ ਕਿ ਉਹ ਸਿਰਫ਼ ਉਪਦੇਸ਼ ਨਹੀਂ ਦਿੰਦੇ ਸਨ ਸਗੋਂ ਉਨ੍ਹਾਂ ਦਾ ਆਪਣਾ ਜੀਵਨ ਹੀ ਇੱਕ ਉਪਦੇਸ਼ ਸੀ। ਉਨ੍ਹਾਂ ਨੇ ਹਜ਼ਾਰਾਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਦੇ ਲੜ ਲਾਇਆ। ਜਦੋਂ ਉਹ ਕੀਰਤਨ ਕਰਦੇ ਸਨ ਤਾਂ ਸਰੋਤੇ ਮੰਤਰ-ਮੁਗਧ ਹ�ो ਜਾਂਦੇ ਸਨ। ਸੰਤ ਜੀ ਨੇ ਪੰਜਾਬ ਦੇ ਕੋਨੇ-ਕੋਨੇ ਤੋਂ ਇਲਾਵਾ ਕਸ਼ਮੀਰ, ਯੂ.ਪੀ. ਅਤੇ ਕਈ ਹੋਰ ਰਾਜਾਂ ਵਿੱਚ ਵੀ ਗੁਰਬਾਣੀ ਦਾ ਸੰਦੇਸ਼ ਪਹੁੰਚਾਇਆ। ਉਨ੍ਹਾਂ ਦੇ ਯਤਨਾਂ ਸਦਕਾ ਹੀ 'ਸਿੰਘ ਸਭਾ ਲਹਿਰ' ਨੂੰ ਬਹੁਤ ਵੱਡਾ ਬਲ ਮਿਲਿਆ। ਉਨ੍ਹਾਂ ਨੇ ਗੁਰਦੁਆਰਾ ਸੁਧਾਰ ਲਹਿਰ ਵਿੱਚ ਵੀ ਅਹਿਮ ਭੂਮਿਕਾ ਨਿਭਾਈ ਅਤੇ ਸਿੱਖ ਸੰਸਥਾਵਾਂ ਨੂੰ ਨਿਰਮਲ ਅਤੇ ਪਵਿੱਤਰ ਬਣਾਉਣ ਲਈ ਪ੍ਰੇਰਿਤ ਕੀਤਾ।

ਵਿਦਿਆ ਦੇ ਖੇਤਰ ਵਿੱਚ ਇਨਕਲਾਬੀ ਦੇਣ : ਸੰਤ ਅਤਰ ਸਿੰਘ ਜੀ ਦੀ ਸਭ ਤੋਂ ਵੱਡੀ ਅਤੇ ਵਿਲੱਖਣ ਦੇਣ ਵਿਦਿਆ ਦੇ ਖੇਤਰ ਵਿੱਚ ਹੈ। ਉਹ ਇਸ ਗੱਲ ਨੂੰ ਭਲੀ-ਭਾਂਤ ਸਮਝਦੇ ਸਨ ਕਿ ਜੇਕਰ ਦੇਸ਼ ਅਤੇ ਕੌਮ ਨੂੰ ਗੁਲਾਮੀ ਤੇ ਅਗਿਆਨਤਾ ਦੇ ਹਨੇਰੇ ਵਿੱਚੋਂ ਕੱਢਣਾ ਹੈ ਤਾਂ ਆਧੁਨਿਕ ਸਿੱਖਿਆ ਅਤੇ ਰੂਹਾਨੀਅਤ ਦਾ ਸੁਮੇਲ ਹੋਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਦਾ ਨਾਅਰਾ ਸੀ ਸ਼ੁਭ ਗੁਣਾਂ ਦੇ ਨਾਲ-ਨਾਲ ਉੱਚ-

ਪੱਧਰੀ ਵਿਦਿਆ।

ਗੁਰੂ ਸਾਗਰ ਮਸਤੂਆਣਾ ਦੀ ਸਥਾਪਨਾ: ਉਨ੍ਹਾਂ ਨੇ ਮਸਤੂਆਣਾ ਸਾਹਿਬ ਵਿਖੇ ਇੱਕ ਮਹਾਨ ਵਿਦਿਅਕ ਕੇਂਦਰ ਦੀ ਸਥਾਪਨਾ ਕੀਤੀ, ਜੋ ਅੱਜ ਵੀ ਇਲਾਕੇ ਲਈ ਚਾਨਣ ਮੁਨਾਰਾ ਹੈ। ਇੱਥੇ ਉਨ੍ਹਾਂ ਨੇ ਅਕਾਲ ਡਿਗਰੀ ਕਾਲਜ, ਅਕਾਲ ਕਾਲਜ ਆਫ ਕੌਂਸਲ ਅਤੇ ਕਈ ਹੋਰ ਸੰਸਥਾਵਾਂ ਦੀ ਨੀਂਹ ਰੱਖੀ।

ਸਿੱਖ ਸਿੱਖਿਆ ਕਾਨਫਰੰਸਾਂ: ਸੰਤ ਜੀ ਸਿੱਖ ਵਿਦਿਆ ਕਾਨਫਰੰਸਾਂ ਦੇ ਰੂਹੇ-ਰਵਾਂ ਸਨ। ਉਨ੍ਹਾਂ ਨੇ ਪੰਜਾਬ ਦੇ ਅਮੀਰਾਂ ਅਤੇ ਰਾਜਿਆਂ-ਮਹਾਰਾਜਿਆਂ ਨੂੰ ਆਪਣਾ ਸਰਮਾਇਆ ਵਿਦਿਅਕ ਅਦਾਰੇ ਖੋਲ੍ਹਣ ਲਈ ਲਗਾਉਣ ਲਈ ਪ੍ਰੇਰਿਤ ਕੀਤਾ।

ਬਨਾਰਸ ਹਿੰਦੂ ਯੂਨੀਵਰਸਿਟੀ (BHU) ਨਾਲ ਸਾਂਝ: ਸੰਤ ਜੀ ਦੀ ਵਿਦਵਤਾ ਅਤੇ ਦੂਰਅੰਦੇਸ਼ੀ ਦਾ ਸਤਿਕਾਰ ਕਰਦੇ ਹੋਏ ਪੰਡਿਤ ਮਦਨ ਮੋਹਨ ਮਾਲਵੀਆ ਜੀ ਨੇ ਉਨ੍ਹਾਂ ਨੂੰ ਬਨਾਰਸ ਹਿੰਦੂ ਯੂਨੀਵਰਸਿਟੀ ਦੀ ਨੀਂਹ ਰੱਖਣ ਲਈ ਵਿਸ਼ੇਸ਼ ਤੌਰ 'ਤੇ ਸੱਦਾ ਦਿੱਤਾ ਸੀ। ਇਹ ਇੱਕ ਬਹੁਤ ਵੱਡਾ ਇਤਿਹਾਸਕ ਪਲ ਸੀ ਜਦੋਂ ਇੱਕ ਸਿੱਖ ਸੰਤ ਨੇ ਭਾਰਤ ਦੀ ਇੱਕ ਸਭ ਤੋਂ ਵੱਡੀ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਿਆ।

ਇਸਤਰੀ ਸਿੱਖਿਆ: ਉਸ ਦੌਰ ਵਿੱਚ ਜਦੋਂ ਔਰਤਾਂ ਨੂੰ ਪੜ੍ਹਾਉਣਾ ਗੁਨਾਹ ਸਮਝਿਆ ਜਾਂਦਾ ਸੀ, ਸੰਤ ਜੀ ਨੇ ਲੜਕੀਆਂ ਦੀ ਸਿੱਖਿਆ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਫ਼ਿਰੋਜ਼ਪੁਰ ਅਤੇ ਹੋਰ ਥਾਵਾਂ 'ਤੇ ਇਸਤਰੀ ਵਿਦਿਆਲਿਆ ਖੋਲ੍ਹਣ ਵਿੱਚ ਪੂਰਨ ਸਹਿਯੋਗ ਦਿੱਤਾ।

ਸਮਾਜਿਕ ਸੁਧਾਰ ਅਤੇ ਮਨੁੱਖਤਾ ਦੀ ਸੇਵਾ : ਸੰਤ ਅਤਰ ਸਿੰਘ ਜੀ ਸਿਰਫ਼ ਸਿੱਖਾਂ ਦੇ ਹੀ ਨਹੀਂ ਸਗੋਂ ਸਮੁੱਚੀ ਲੋਕਾਈ ਦੇ ਸਾਂਝੇ ਰਹਿਬਰ ਸਨ। ਉਨ੍ਹਾਂ ਨੇ ਸਮਾਜ ਵਿੱਚ ਫੈਲੀਆਂ ਬੁਰਾਈਆਂ ਵਿਰੁੱਧ ਜ਼ੋਰਦਾਰ ਮੁਹਿੰਮ ਚਲਾਈ ।

ਨਸ਼ਾ ਮੁਕਤੀ: ਉਨ੍ਹਾਂ ਨੇ ਮਾਲਵਾ ਖੇਤਰ ਵਿੱਚ ਫੈਲੇ ਨਸ਼ਿਆਂ ਦੇ ਦਰਿਆ ਨੂੰ ਰੋਕਣ ਲਈ ਨਾਮ ਦੀ ਓਟ ਲਈ। ਹਜ਼ਾਰਾਂ ਨੌਜਵਾਨਾਂ ਨੇ ਉਨ੍ਹਾਂ ਦੇ ਬਚਨ ਮੰਨ ਕੇ ਨਸ਼ਿਆਂ ਦਾ ਤਿਆਗ ਕੀਤਾ।

ਜਾਤ-ਪਾਤ ਦਾ ਖੰਡਨ: ਸੰਤ ਜੀ ਨੇ ਗੁਰੂ ਨਾਨਕ ਦੇਵ ਜੀ ਦੇ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਦੇ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਇਆ। ਉਨ੍ਹਾਂ ਦੇ ਲੰਗਰ ਵਿੱਚ ਰਾਜਾ ਅਤੇ ਰੰਕ, ਹਰ ਧਰਮ ਅਤੇ ਜਾਤ ਦੇ ਲੋਕ ਇੱਕੋ ਪੰਗਤ ਵਿੱਚ ਬੈਠ ਕੇ ਪ੍ਰਸ਼ਾਦਾ ਛਕਦੇ ਸਨ।

ਸਾਦਾ ਜੀਵਨ: ਉਨ੍ਹਾਂ ਨੇ ਵਿਆਹ-ਸ਼ਾਦੀਆਂ ਵਿੱਚ ਕੀਤੇ ਜਾਣ ਵਾਲੇ ਫ਼ਜ਼ੂਲ ਖ਼ਰਚਿਆਂ ਅਤੇ ਦਹੇਜ ਵਰਗੀਆਂ ਲਾਹਨਤਾਂ ਦਾ ਜ਼ੋਰਦਾਰ ਵਿਰੋਧ ਕੀਤਾ। ਉਨ੍ਹਾਂ ਨੇ ਹਮੇਸ਼ਾ ਸਾਦਗੀ ਅਤੇ ਉੱਚੇ ਵਿਚਾਰਾਂ ਦਾ ਪ੍ਰਚਾਰ ਕੀਤਾ।

ਦੇਸ਼ ਦੀ ਆਜ਼ਾਦੀ ਵਿੱਚ ਯੋਗਦਾਨ : ਬਹੁਤ ਘੱਟ ਲੋਕ ਜਾਣਦੇ ਹਨ ਕਿ ਸੰਤ ਅਤਰ ਸਿੰਘ ਜੀ ਦਾ ਦੇਸ਼ ਭਗਤੀ ਦਾ ਜਜ਼ਬਾ ਕਿੰਨਾ ਪ੍ਰਬਲ ਸੀ। ਉਹ ਦੇਸ਼ ਨੂੰ ਅੰਗਰੇਜ਼ੀ ਹਕੂਮਤ ਤੋਂ ਆਜ਼ਾਦ ਦੇਖਣਾ ਚਾਹੁੰਦੇ ਸਨ। ਉਨ੍ਹਾਂ ਨੇ ਨਾਮਧਾਰੀ ਲਹਿਰ ਅਤੇ ਹੋਰ ਆਜ਼ਾਦੀ ਘੁਲਾਟੀਆਂ ਪ੍ਰਤੀ ਹਮੇਸ਼ਾ ਹਮਦਰਦੀ ਰੱਖੀ। ਉਨ੍ਹਾਂ ਦਾ ਮੰਨਣਾ ਸੀ ਕਿ ਇੱਕ ਪੜ੍ਹਿਆ-ਲਿਖਿਆ ਅਤੇ ਧਰਮੀ ਬੰਦਾ ਹੀ ਦੇਸ਼ ਨੂੰ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਮੁਕਤ ਕਰਵਾ ਸਕਦਾ ਹੈ। ਉਨ੍ਹਾਂ ਨੇ ਹਮੇਸ਼ਾ 'ਸਵਦੇਸ਼ੀ' ਦਾ ਸਮਰਥਨ ਕੀਤਾ ਅਤੇ ਲੋਕਾਂ ਨੂੰ ਆਤਮ-ਨਿਰਭਰ ਬਣਨ ਦੀ ਪ੍ਰੇਰਨਾ ਦਿੱਤੀ।

ਇੱਕ ਕਦੇ ਨਾ ਬੁੱਝਣ ਵਾਲੀ ਮਸ਼ਾਲ : ਸੰਤ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲਿਆਂ ਨੇ 31 ਜਨਵਰੀ 1927 ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕੀਤੀ ਅਤੇ ਸੱਚਖੰਡ ਜਾ ਬਿਰਾਜੇ। ਭਾਵੇਂ ਅੱਜ ਉਹ ਸਰੀਰਕ ਤੌਰ 'ਤੇ ਸਾਡੇ ਵਿੱਚ ਨਹੀਂ ਹਨ ਪਰ ਉਨ੍ਹਾਂ ਦੁਆਰਾ ਲਗਾਏ ਗਏ ਵਿਦਿਆ ਦੇ ਬੂਟੇ ਅੱਜ ਵਿਸ਼ਾਲ ਦਰੱਖ਼ਤ ਬਣ ਚੁੱਕੇ ਹਨ। ਉਨ੍ਹਾਂ ਦੀਆਂ ਸਿੱਖਿਆਵਾਂ ਅੱਜ ਦੇ ਭਟਕੇ ਹੋਏ ਸਮਾਜ ਲਈ ਇੱਕ ਰੌਸ਼ਨ ਮੁਨਾਰੇ ਵਾਂਗ ਹਨ।

ਉਨ੍ਹਾਂ ਦਾ ਜੀਵਨ ਸਾਨੂੰ ਸਿਖਾਉਂਦਾ ਹੈ ਕਿ ਧਰਮ ਦਾ ਅਸਲ ਮਤਲਬ ਕੇਵਲ ਕਰਮ-ਕਾਂਡ ਨਹੀਂ ਸਗੋਂ ਮਨੁੱਖਤਾ ਦੀ ਸੇਵਾ, ਗਿਆਨ ਦਾ ਪਸਾਰ ਅਤੇ ਆਪਣੇ ਕਿਰਦਾਰ ਨੂੰ ਉੱਚਾ ਚੁੱਕਣਾ ਹੈ। ਅੱਜ ਜਦੋਂ ਅਸੀਂ ਉਨ੍ਹਾਂ ਨੂੰ ਯਾਦ ਕਰਦੇ ਹਾਂ, ਤਾਂ ਸਾਡਾ ਸਭ ਤੋਂ ਵੱਡਾ ਸਤਿਕਾਰ ਇਹੋ ਹੋਵੇਗਾ ਕਿ ਅਸੀਂ ਉਨ੍ਹਾਂ ਦੁਆਰਾ ਦਰਸਾਏ ਮਾਰਗ 'ਤੇ ਚੱਲਦੇ ਹੋਏ ਸਿੱਖਿਆ ਅਤੇ ਨੈਤਿਕਤਾ ਦੇ ਖੇਤਰ ਵਿੱਚ ਆਪਣਾ ਯੋਗਦਾਨ ਪਾਈਏ।

ਸੰਤ ਅਤਰ ਸਿੰਘ ਜੀ ਸੱਚਮੁੱਚ ਇੱਕ 'ਯੁੱਗ ਪੁਰਖ' ਸਨ, ਜਿਨ੍ਹਾਂ ਦੀ ਦੇਣ ਨੂੰ ਪੰਜਾਬ ਦਾ ਇਤਿਹਾਸ ਕਦੇ ਵੀ ਭੁਲਾ ਨਹੀਂ ਸਕੇਗਾ। ਇਹ ਲੇਖ ਸੰਤ ਜੀ ਦੇ ਜੀਵਨ ਦੇ ਅਹਿਮ ਪਹਿਲੂਆਂ ਨੂੰ ਸਮੇਟਣ ਦੀ ਇੱਕ ਨਿਮਾਣੀ ਜਿਹੀ ਕੋਸ਼ਿਸ਼ ਹੈ।

ਪੰਜਾਬ ਨੈਸ਼ਨਲ ਬੈਂਕ punjab national bank
...ਖਰੋਸੇ ਕਾ ਪ੍ਰਤੀਕ ! ...the name you can BANK upon !

ਜ਼ੋਨਲ ਦਫ਼ਤਰ, ਲੁਧਿਆਣਾ

ਨੋਟਿਸ

ਪੰਜਾਬ ਨੈਸ਼ਨਲ ਬੈਂਕ ਦੇ ਮਾਣਯੋਗ ਗਾਹਕ ਧਿਆਨ ਦਿਓ !!!

ਪਿਆਰੇ ਗਾਹਕੋ,
ਆਰ.ਬੀ.ਆਈ. ਦਿਸ਼ਾ-ਨਿਰਦੇਸ਼ਾਂ ਅਨੁਸਾਰ, ਸਾਰੇ ਗਾਹਕਾਂ ਲਈ ਕੇ.ਵਾਈ.ਸੀ. ਅਪਡੇਟ ਕਰਨਾ ਲਾਜ਼ਮੀ ਹੈ। ਜੇਕਰ ਤੁਹਾਡਾ ਖਾਤਾ 31.12.2025 ਤੱਕ ਕੇ.ਵਾਈ.ਸੀ. ਅਪਡੇਟ ਲਈ ਬਕਾਇਆ ਹੋ ਗਿਆ ਹੈ, ਤਾਂ ਤੁਹਾਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਤੁਸੀਂ ਆਪਣਾ ਕੇ.ਵਾਈ.ਸੀ. 05.02.2026 ਤੱਕ PNB ONE / IBS / ਰਜਿਸਟਰਡ ਈ-ਮੇਲ / ਡਾਕ ਰਾਹੀਂ ਜਾਂ ਕਿਸੇ ਵੀ ਬੈਂਕ ਸ਼ਾਖਾ ਵਿੱਚ ਜਾ ਕੇ ਅਪਡੇਟ ਕਰਵਾ ਲਓ। ਅਪਡੇਟ ਨਾ ਕਰਵਾਉਣ ਦੀ ਸੂਰਤ ਵਿੱਚ ਤੁਹਾਡੇ ਖਾਤੇ ਦੇ ਸੰਚਾਲਨ 'ਤੇ ਪਾਬੰਦੀ ਲਗਾਈ ਜਾ ਸਕਦੀ ਹੈ।

ਅਧਿਕਾਰਤ ਹਸਤਾਖਰਕਰਤਾ

ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ — ਈ-ਨਿਲਾਮੀ - ਵਿਕਰੀ ਸੂਚਨਾ

ਰਜਿ. ਦਫ਼ਤਰ: 6ਵੀਂ ਮੰਜ਼ਿਲ, ਬੀ- ਬਿਲਡਿੰਗ, ਗੰਗਾ ਟਰੂਨੋ ਬਿਜ਼ਨਸ ਪਾਰਕ, ਲੋਹੇਗਾਉਂ, ਪੁਣੇ , ਮਹਾਰਾਸ਼ਟਰਾ -411014
ਸ਼ਾਖਾ ਦਫਤਰ ਯੂਨਿਟ : ਐਸਸੀਓ 134, ਜ਼ਮੀਨੀ ਤਲ, ਛੋਟੀ ਬਾਰਾਦਰੀ, ਪਟਿਆਲਾ, ਪੰਜਾਬ-147001

ਸਰਫਾਇਸੀ ਐਕਟ ਦੇ ਅਧੀਨ ਸੁਰੱਖਿਅਤ ਅਚੱਲ ਅਸਾਸੇ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਸੂਚਨਾ

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਅਤੇ 9 ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (''ਕਾਨੂੰਨ'') ਦੇ ਅਧੀਨ ਅਚੱਲ ਅਸਾਸਿਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਸੂਚਨਾ

ਆਮ ਕਰਕੇ ਜਨਤਾ ਨੂੰ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ/ਸਹਿ-ਕਰਜ਼ਦਾਰ/ਗਿਰਵੀਕਾਰ (†) /ਜ਼ਾਮਨ (†) ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ **ਗ੍ਰੀਹਮ ਹਾਊਸਿੰਗ ਫਾਇਨਾਂਸ ਲਿਮਟਿਡ** (ਇਥੇ ਬਾਅਦ ਵਿਚ ਕਾਨੂੰਨ ਦੇ ਅਨੁਸਾਰ ''ਸੁਰੱਖਿਅਤ ਕਰਜ਼ਦਾਤਾ'' ਵਜੋਂ ਸੰਦਰਭਿਤ) ਕੋਲ ਗਿਰਵੀ ਨਿਮਨ ਦਰਸਾਈਆਂ ਅਚੱਲ ਸੰਪੱਤੀਆਂ, ਜਿਨ੍ਹਾਂ ਦਾ ਕਬਜ਼ਾ ਕਾਨੂੰਨ ਦੀ ਧਾਰਾ 13 (2) ਦੇ ਅਧੀਨ ਸੂਚਨਾ ਦੀ ਨਿਰੰਤਰਤਾ ਵਿਚ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ ਦੇ ਨਿਯਮ 8 ਅਤੇ 9 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ। ਸੁਰੱਖਿਅਤ ਅਸਾਸਿਆਂ ਦੀ ਵਿਕਰੀ ਈ-ਨਿਲਾਮੀ ਰਾਹੀਂ 03.03.2026 ਨੂੰ **''ਜਿਵੇਂ ਹੈ ਜਿਥੇ ਹੈ'', ''ਜਿਵੇਂ ਹੈ ਜੋ ਹੈ'' ਅਤੇ ''ਜੋ ਵੀ ਉਥੇ ਹੈ''** ਆਧਾਰ 'ਤੇ ਕੀਤੀ ਜਾਵੇਗੀ। ਆਮ ਜਨਤਾ ਨੂੰ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਅਸੀਂ ਵੈਬਸਾਈਟ : **https://www.bankeauctions.com** 'ਤੇ ਵਿਵਸਥਿਤ ਈ-ਨਿਲਾਮੀ ਪਲੇਟਫਾਰਮ ਰਾਹੀਂ ਜਨਤਕ ਨਿਲਾਮੀ ਦਾ ਆਯੋਜਨ ਕਰਨ ਜਾ ਰਹੇ ਹਾਂ। ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਕਿਰਪਾ ਕਰਕੇ ਜੀਐਚਐਫਐਲ/ਸੁਰੱਖਿਅਤ ਕਰਜ਼ਦਾਤਾ ਦੀ ਵੈਬਸਾਈਟ ਭਾਵ **www.grihumhousing.com** ਵਿਚ ਵਿਵਸਥਿਤ ਲਿੰਕ ਦਾ ਹਵਾਲਾ ਲਓ।

| ਪੁਸਤਾਕ ਨੰ. ਗ੍ਰਾਹਕ ਦਾ ਨਾਮ (ੳ) | ਮੰਗ ਸੂਚਨਾ ਦੀ ਮਿਤੀ ਅਤੇ ਬਕਾਇਆ ਰਕਮ (ਅ) | ਕਬਜ਼ੇ ਦੀ ਕਿਸਮ (ੲ) | ਸੰਪੱਤੀ ਦਾ ਵੇਰਵਾ